ਵਿਚਾਰ-ਚਰਚਾ — ਗੁਰਸ਼ਰਨ ਸਿੰਘ

# ਪੰਜਾਬੀ ਬੋਲੀ ਲਈ ਲੇਖਕਾਂ ਦਾ ਸੰਘਰਸ਼

ਪੰਜਾਬੀ ਬੋਲੀ ਨੂੰ ਪੰਜਾਬ ਵਿਚ ਸਤਿਕਾਰਯੋਗ ਥਾਂ ਦਿਵਾਉਣ ਲਈ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਅਗਵਾਈ ਵਿਚ ਲੇਖਕਾਂ ਨੇ 30 ਮਾਰਚ ਚੰਡੀਗੜ੍ਹ ਵਿਚ ਵਿਸ਼ਾਲ ਧਰਨਾ ਵੀ ਦਿੱਤਾ ਅਤੇ 11 ਪ੍ਰਮੁੱਖ ਲੇਖਕਾਂ ਨੇ ਦਫ਼ਾ 44 ਤੋੜਕੇ ਸੰਕੇਤਕ ਗ੍ਰਿਫ਼ਤਾਰੀ ਵੀ ਦਿੱਤੀ। ਕੀ ਲੇਖਕਾਂ ਦਾ ਸੰਘਰਸ਼ ਅਤੇ ਇਹ ਧਰਨਾ ਪੰਜਾਬੀ ਲੋਕਾਂ ਦੀ ਸਮਾਜਕ ਨਿਆਂ ਦੀ ਲੜਾਈ ਦਾ ਅੰਗ ਬਣ ਸਕਦਾ ਹੈ? ਇਹਦੇ ਬਾਰੇ ਸਿਧਾਂਤਕ ਪੱਖ ਤੋਂ ਵਿਚਾਰ ਕਰਨੀ ਜ਼ਰੂਰੀ ਹੈ।

ਪੰਜਾਬੀ ਦੇ ਦੁਸ਼ਮਣ ਕੌਣ ਹਨ? ਇਹਦੀ ਸ਼ਨਾਖ਼ਤ ਹੈ ਕਿ ਰੱਜੇ-ਪੁੱਜੇ ਲੋਕਾਂ ਦੇ ਮੁੰਡੇ ਕੁੜੀਆਂ ਜੋ ਅਫ਼ਸਰਸ਼ਾਹੀ ਦਾ ਜ਼ਰੂਰੀ ਅੰਗ ਹਨ, ਉਹ ਦਿਲੋਂ ਨਹੀਂ ਚਾਹੁੰਦੇ ਕਿ ਇਸ ਜ਼ੁਬਾਨ ਨੂੰ ਯੋਗ ਥਾਂ ਜਾਂ ਮਹੱਤਵਪੂਰਨ ਥਾਂ ਮਿਲੇ, ਕਿਉਂਕਿ ਜੇ ਇਹ ਥਾਂ ਮਿਲ ਜਾਂਦਾ ਹੈ ਤਾਂ ਉਹਨਾਂ ਦੀ ਸਾਧਾਰਨ ਲੋਕਾਂ 'ਤੇ ਧੌਂਸ ਖ਼ਤਮ ਹੋ ਜਾਂਦੀ ਹੈ। ਉਹਨਾਂ ਦੀ ਨਜ਼ਰ ਵਿਚ ਇਹੀ ਤਾਂ ਇਕ ਸਾਧਨ ਹੈ ਜਿਹਨਾਂ ਰਾਹੀਂ ਸਾਧਾਰਨ ਬੰਦੇ ਨੂੰ ਸੱਤਾ ਦੀ ਹਿੱਸੇਦਾਰੀ ਤੋਂ ਪਰ੍ਹੇ ਰੱਖਿਆ ਜਾ ਸਕਦਾ ਹੈ। ਇਸ ਵੇਲੇ ਦਾ ਪ੍ਰਬੰਧਕੀ ਢਾਂਚਾ ਉਹਨਾਂ ਲੋਕਾਂ ਦੇ ਹੱਥ ਵਿਚ ਹੈ ਜੋ ਮੁਕਾਬਲੇ ਦੇ ਇਮਤਿਹਾਨਾਂ ਦੇ ਰਾਹੀਂ ਉੱਤੇ ਆਏ ਹੋਏ ਹਨ। ਇਹਨਾਂ ਮੁਕਾਬਲੇ ਦੇ ਇਮਤਿਹਾਨਾਂ ਵਿਚ ਅੰਗਰੇਜ਼ੀ ਦਾ ਪੂਰਾ ਗ਼ਲਬਾ ਹੈ ਅਤੇ ਇਹ ਅੰਗਰੇਜ਼ੀ ਦੀ ਪੜ੍ਹਾਈ, ਅੰਗਰੇਜ਼ੀ ਸਕੂਲਾਂ ਦੀ ਮਹਿੰਗੀ ਪੜ੍ਹਾਈ ਵੱਡਿਆਂ ਦੇ ਬੱਚੇ ਹੀ ਪੜ੍ਹ ਸਕਦੇ ਹਨ। ਨਤੀਜਾ ਸਪੱਸ਼ਟ ਹੈ ਕਿ ਪਿਛਲੇ 50 ਸਾਲਾਂ ਤੋਂ ਘਾਹੀਆਂ ਦੇ ਪੁੱਤਰ ਘਾਹੀ ਹੀ ਰਹੇ ਹਨ ਅਤੇ ਵੱਡਿਆਂ ਦੇ ਵੱਡੇ ਤੇ ਅਫ਼ਸਰਾਂ ਦੇ ਅਫ਼ਸਰ ਹੀ ਰਹੇ ਹਨ। ਸੋ ਇਹ ਸ਼ਨਾਖ਼ਤ ਕਰਨੀ ਮੁਸ਼ਕਿਲ ਨਹੀਂ ਕਿ ਪੰਜਾਬੀ ਜ਼ੁਬਾਨ ਦੇ ਦੁਸ਼ਮਣ ਕੌਣ ਹਨ?

ਇਸੇ ਲਈ ਪੰਜਾਬੀ ਜ਼ੁਬਾਨ ਨੂੰ ਸਤਿਕਾਰਯੋਗ ਥਾਂ ਦਿਵਾਉਣ ਲਈ ਪਹਿਲੀ ਮੰਗ ਇਹ ਜ਼ਰੂਰੀ ਹੈ ਕਿ ਪੰਜਾਬ ਦੀ ਪ੍ਰਬੰਧਕੀ ਲਈ ਪੀ.ਸੀ.ਐਸ. ਦਾ ਜੋ ਮੁਕਾਬਲੇ ਦਾ ਇਮਤਿਹਾਨ ਹੈ ਉਸ ਵਿਚ ਅੰਗਰੇਜ਼ੀ ਦਾ ਗ਼ਲਬਾ ਬਿਲਕੁਲ ਤੇ ਬਿਲਕੁਲ ਖ਼ਤਮ ਕੀਤਾ ਜਾਏ, ਅੰਗਰੇਜ਼ੀ ਨੂੰ ਇਕ ਗੈਰਜ਼ਰੂਰੀ ਬੋਲੀ ਸਮਝ ਕੇ ਸਾਰੇ ਵਿਸ਼ਿਆਂ ਦੇ ਪਰਚੇ ਪੰਜਾਬੀ ਬੋਲੀ ਵਿਚ ਹੋਣ। ਪੰਜਾਬ ਦੀ ਪ੍ਰਬੰਧਕੀ ਵਿਚ ਅੰਗਰੇਜ਼ੀ ਦੀ ਲੋੜ ਵੀ ਕਿਥੇ ਹੈ? ਕੀ ਜੱਜ ਫੈਸਲੇ ਪੰਜਾਬੀ ਵਿਚ ਨਹੀਂ ਸੁਣਾ ਸਕਦਾ? ਡਿਪਟੀ ਕਮਿਸ਼ਨਰ, ਐਸ.ਡੀ.ਐਮ. ਤਹਿਸੀਲਦਾਰ, ਪਟਵਾਰੀ, ਪੁਲਸ ਵਾਲੇ ਪੰਜਾਬੀ ਵਿਚ ਕੰਮ ਨਹੀਂ ਕਰ ਸਕਦੇ? ਕਰ ਸਕਦੇ ਹਨ ਪਰ ਕਿਉਂਕਿ ਅਫ਼ਸਰਸ਼ਾਹੀ ਨੂੰ ਪੰਜਾਬੀ ਆਉਂਦੀ ਨਹੀਂ ਇਸ ਕਰਕੇ ਉਹ ਰੁਕਾਵਟ ਹਨ। ਜਦੋਂ ਇਮਤਿਹਾਨ ਪੰਜਾਬੀ ਵਿਚ ਹੋਣਗੇ ਤਾਂ ਹੀ ਸਾਧਾਰਨ ਲੋਕ ਪ੍ਰਬੰਧਕੀ ਦੇ ਹਿੱਸੇਦਾਰ ਹੋ ਸਕਣਗੇ।

ਅੱਜ ਲੋਕ-ਪੱਖੀ ਲਹਿਰ ਦਾ ਇਕੋ ਵੱਡਾ ਨਿਸ਼ਾਨਾ ਹੈ ਕਿ ਇਥੇ ਬਰਾਬਰੀ ਦਾ ਸਮਾਜ ਬਣੇ। ਇਹ ਸਮਾਜ ਬਣਾਉਣ ਲਈ ਪਹਿਲੀ ਸ਼ਰਤ ਹੀ ਇਹ ਹੈ ਕਿ ਪ੍ਰਬੰਧਕੀ ਦਾ ਸਾਰਾ ਕੰਮ ਲੋਕਾਂ ਦੀ ਬੋਲੀ ਵਿਚ ਹੋਵੇ। ਸੋ ਪੰਜਾਬੀ ਬੋਲੀ ਲਈ ਯੋਗ ਥਾਂ ਵਾਸਤੇ ਵੱਡੀ ਦਲੀਲ ਇਹ ਹੈ ਕਿ ਇਹ ਬਰਾਬਰੀ ਦੇ ਸਮਾਜ ਲਈ ਲੋੜੀਂਦੀ ਹੈ। ਇਹ ਰਾਜਨੀਤਕ ਮੰਗ ਹੈ ਅਤੇ ਰਾਜਨੀਤੀ ਵਿਚ ਇਹਨੂੰ ਅੱਵਲ ਦਰਜਾ ਮਿਲਣਾ ਚਾਹੀਦਾ ਹੈ। ਸਾਡੀਆਂ ਰਾਜਨੀਤਕ ਪਾਰਟੀਆਂ ਖਾਸ ਕਰਕੇ ਲੋਕਾਂ ਦੇ ਹਿੱਤਾਂ ਨਾਲ ਪਰਣਾਈਆਂ ਪਾਰਟੀਆਂ ਨੇ ਹਾਲੇ ਤੱਕ ਇਹਦੀ ਮਹੱਤਤਾ ਨਹੀਂ ਸਮਝੀ। ਆਪਣੇ ਫ਼ਿਰਕੇ ਦੀ ਸਰਦਾਰੀ ਲਈ ਜਿਹਨਾਂ ਨੇ ਪੰਜਾਬੀ ਸੂਬਾ ਲੈ ਲਿਆ ਪਰ ਉਹ ਸਮਾਜਕ ਨਿਆਂ ਵਾਲੇ ਸਮਾਜ ਬਣਾਉਣ ਲਈ ਇਸ ਜ਼ੁਬਾਨ ਦੀ ਜੋ ਲੋੜ ਹੈ, ਉਸ ਵਿਚ ਦਿਲਚਸਪੀ ਨਹੀਂ ਰੱਖਦੇ ਸਨ। ਇਸੇ ਕਰਕੇ ਪੰਜਾਬੀ ਸੂਬਾ ਬਣਿਆ ਤਾਂ 33 ਸਾਲ ਹੋ ਗਏ, ਪਰ ਪੰਜਾਬੀ ਜ਼ੁਬਾਨ ਸਰਕਾਰੀ ਪ੍ਰਬੰਧ ਦੀ ਜ਼ੁਬਾਨ ਹੋਵੇ, ਇਹ ਹਾਲੇ ਉਸੇ ਤਰ੍ਹਾਂ ਲਟਕ ਰਹੀ ਹੈ ਕਿਉਂਕਿ ਜਿਹੜੇ ਸੱਤਾਧਾਰੀ ਹਨ, ਉਹਨਾਂ ਦੇ ਹਿੱਤ ਹਨ ਕਿ ਲੋਕਾਂ ਦੀ ਜ਼ੁਬਾਨ ਅੱਗੇ ਨਾ ਆਵੇ।

ਅਸੀਂ ਲੇਖਕ ਭਾਵੇਂ ਸੌ ਦਲੀਲਾਂ ਦੇਂਦੇ ਰਹੀਏ ਕਿ ਬੱਚੇ ਦੀ ਸਿਰਜਣਾਤਮਕ ਪ੍ਰਤਿਭਾ ਤਾਂ ਹੀ ਵਧਦੀ-ਫੁੱਲਦੀ ਹੈ ਜੇ ਸਿੱਖਿਆ ਮਾਂ ਬੋਲੀ ਵਿਚ ਹੋਵੇ ਪਰ ਹਾਕਮ ਤਬਕੇ ਦੀ ਲੋੜ ਇਹ ਹੈ ਕਿ ਪ੍ਰਬੰਧਕੀ ਬੋਲੀ ਆਮ ਲੋਕਾਂ ਦੀ ਬੋਲੀ ਨਾ ਹੋਵੇ। ਬਾਦਲ ਸਾਹਿਬ ਦੀ ਦਿਲਚਸਪੀ ਇਸ ਗੱਲ ਵਿਚ ਬਿਲਕੁਲ ਨਹੀਂ ਕਿ ਪੰਜਾਬੀ ਸਾਹਿਤ ਵਿਚ ਕੋਈ ਚੰਗੀ ਕਵਿਤਾ, ਕਹਾਣੀ ਜਾਂ ਪਰਸਾ ਵਰਗਾ ਨਾਵਲ ਲਿਖਿਆ ਜਾਏ। ਉਹਨਾਂ ਦੀ ਦਿਲਚਸਪੀ ਇਸ ਗੱਲ ਵਿਚ ਹੀ ਹੋਵੇਗੀ ਕਿ ਉਹਨਾਂ ਦਾ ਸਨਾਵਰ ਸਕੂਲ ਦਾ ਪੜ੍ਹਿਆ ਮੁੰਡਾ ਸੁਖਬੀਰ ਸਿੰਘ ਬਾਦਲ ਮੁੱਖ ਮੰਤਰੀ ਬਣੇ। ਵੱਡਿਆਂ ਦੇ ਕਾਕਿਆਂ ਦੀ ਧੌਂਸ ਤਾਂ ਹੀ ਕਾਇਮ ਰਹਿੰਦੀ ਹੈ ਕਿ ਗ਼ਲਬਾ ਪੰਜਾਬੀ ਦਾ ਨਹੀਂ, ਅੰਗਰੇਜ਼ੀ ਦਾ ਹੋਵੇ। ਇਸੇ ਕਰਕੇ ਪੰਜਾਬੀ ਦੇ ਵੱਡੇ ਤੋਂ ਵੱਡੇ ਲੇਖਕਾਂ ਨੂੰ ਥਾਣੇ ਵਿਚ ਭੁੰਜੇ ਬਿਠਾ ਕੇ, ਪੀਣ ਦੇ ਪਾਣੀ ਤੋਂ ਵਾਂਝੇ ਰੱਖ ਕੇ ਬੇਇੱਜ਼ਤ ਕਰਨਾ ਪ੍ਰਬੰਧਕੀ ਲਈ ਮਾਮੂਲੀ ਗੱਲ ਹੈ।

ਲੋੜ ਹੈ ਕਿ ਪੰਜਾਬ ਵਿਚ ਪੰਜਾਬੀ ਨੂੰ ਪ੍ਰਬੰਧਕੀ ਬੋਲੀ ਬਣਾਉਣ ਲਈ ਇਕ ਲੋਕ ਸੰਘਰਸ਼ ਵਿੱਢਿਆ ਜਾਏ। ਕਿਸਾਨ ਆਪਣਾ ਸੰਘਰਸ਼ ਕਰਨ ਤਾਂ ਹੋਰਨਾਂ ਮੰਗਾਂ ਨਾਲ ਪੰਜਾਬੀ ਬੋਲੀ ਦੀ ਮੰਗ ਨੂੰ ਵੀ ਸ਼ਾਮਲ ਕਰਨ। ਮਜ਼ਦੂਰ ਕਰਨ, ਅਧਿਆਪਕ ਕਰਨ, ਵਿਦਿਆਰਥੀ ਕਰਨ, ਰੋਡਵੇਜ਼ ਵਾਲੇ ਕਾਮੇ ਕਰਨ। ਲੇਖਕ ਆਪ ਵੀ ਸ਼ਾਮਲ ਹੋਣ ਅਤੇ ਅਗਵਾਈ ਵੀ ਦੇਣ। ਇਹ ਸਮੇਂ ਦੀ ਲੋੜ ਹੈ। ਬਰਾਬਰੀ ਦੇ ਸਮਾਜ ਬਣਾਉਣ ਵਾਲਿਆਂ ਦੀ ਲੋੜ ਹੈ, ਸਿਰਫ਼ ਮਾਂ ਬੋਲੀ ਵਾਲੀ ਗੱਲ ਨਹੀਂ। ਹਾਕਮਾਂ ਨੇ ਕੋਈ ਪੜ੍ਹਾਈ ਮਾਂ ਬੋਲੀ ਵਿਚ ਨਹੀਂ ਕੀਤੀ ਹੋਈ। ਉਹਨਾਂ ਦੀ ਇਸੇ ਵਿਚ ਹੀ ਦਿਲਚਸਪੀ ਹੈ ਕਿ ਆਪਣੀ ਧੌਂਸ ਕਿਸ ਤਰ੍ਹਾਂ ਕਾਇਮ ਰੱਖਣ ਤੇ ਇਹ ਧੌਂਸ ਉਹ ਅੰਗਰੇਜ਼ੀ ਰਾਹੀਂ ਕਾਇਮ ਰੱਖ ਸਕਦੇ ਹਨ।